ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ
ਦਫ: ਪ੍ਰਧਾਨ ਮੁੱਖ ਵਣ ਪਾਲ (HoFF)
ਵਣ ਭਵਨ, ਸੈਕਟਰ-68
ਅਜੀਤਗੜ੍ਹ (ਮੋਹਾਲੀ) ਪੰਜਾਬ।

ਸੇਵਾ ਵਿਖੇ

ਵਣ ਮੰਡਲ ਅਫਸਰ (ਨਾਂ ਤੇ),
ਸੰਗਰੂਰ।

ਨੰਬਰ FCA/1980/176/2015/ 3415
ਮਿਤੀ: 10-7-15

ਵਿਸ਼ਾ: **Diversion of 0.0066 hec of forest land in favour of approach road to Retail Outlet (IOCL) on Ladda-Ballian road km 8-9 L/s Vill. Kanjla under Forest Division and Distt. Sangrur.**

ਹਵਾਲਾ: ਆਪ ਦਾ ਪੱਤਰ ਨੰ: 1768 ਮਿਤੀ: 18-06-2015

******

ਆਪ ਨੂੰ ਪਹਿਲਾਂ ਵੀ ਕਈ ਵਾਰ ਲਿਖਿਆ ਜਾ ਚੁੱਕਾ ਹੈ ਕਿ ਐਫ.ਸੀ.ਏ. ਅਧੀਨ ਤਜਵੀਜਾਂ ਮੁਕੰਮਲ ਕਰਕੇ ਭੇਜੀਆਂ ਜਾਇਆ ਕਰਨ। ਪਰੰਤੂ ਆਪ ਵੱਲੋਂ ਇਸ ਸਬੰਧੀ ਅਜੇ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਹੁਣ ਵੀ ਆਪ ਵੱਲੋਂ ਤਜਵੀਜਾਂ ਅਧੂਰੀਆਂ ਹੀ ਭੇਜੀਆਂ ਜਾ ਰਹੀਆਂ ਹਨ। ਜਿਸ ਕਾਰਨ ਤਜਵੀਜ ਦੀ ਪ੍ਰਵਾਨਗੀ ਵਿਚ ਬਿਨ੍ਹਾਂ ਵਜ੍ਹਾ ਦੇਰੀ ਹੋ ਜਾਂਦੀ ਹੈ। ਇਸ ਦਾ ਨਿਮਨ ਹਸਤਾਖਰਿਤ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਆਪ ਨੂੰ ਫਿਰ ਲਿਖਿਆ ਜਾਂਦਾ ਹੈ ਕਿ ਤਜਵੀਜ ਚੰਗੀ ਤਰ੍ਹਾਂ ਘੋਖ ਕਰਕੇ ਹਰ ਪੱਖੋਂ ਮੁਕੰਮਲ ਕਰਕੇ ਇਸ ਦਫਤਰ ਨੂੰ ਭੇਜੀ ਜਾਇਆ ਕਰੇ।

ਵਿਸ਼ੇ ਅਧੀਨ ਤਜਵੀਜ ਮੂਲ ਰੂਪ ਵਿਚ ਵਾਪਸ ਭੇਜਕੇ ਲਿਖਿਆ ਜਾਂਦਾ ਹੈ ਕਿ ਤਜਵੀਜ ਵਿਚ ਹੇਠ ਲਿਖੀਆਂ ਤਰੁੱਟੀਆਂ ਪਾਈਆਂ ਗਈਆਂ ਹਨ:-

1) ਆਪ ਵੱਲੋਂ ਕੋਈ ਵੀ ਪੇਪਰ ਤੇ ਮਿਤੀ ਨਹੀਂ ਪਾਈ ਗਈ ਹੈ।
2) ਮਾਰਕਿੰਗ ਲਿਸਟ ਆਪ ਵੱਲੋਂ ਕਾਊਂਟਰ ਸਾਈਨ ਨਹੀਂ ਕੀਤੀ ਗਈ ਹੈ।
3) ਪਾਰਟ-II Density of vegetation Nil ਅਤੇ trees nil ਲਿਖਿਆ ਗਿਆ ਹੈ। ਜਦੋਂ ਕਿ ਇਸ ਕੇਸ ਵਿਚ 5 ਰੁੱਖ ਪ੍ਰਭਾਵਿਤ ਹੁੰਦੇ ਹਨ, ਸਪੱਸ਼ਟ ਰਿਪੋਟ ਭੇਜੀ ਜਾਵੇ।
4) ਰੁੱਖਾਂ ਦੀ ਰਿਜਰਵ ਪ੍ਰਾਈਜ ਦੀ ਅੰਡਰਟੇਕਿੰਗ ਨਹੀਂ ਦਿੱਤੀ ਗਈ ਹੈ।
5) ਜਮ੍ਹਾਂ ਬੰਦੀ ਤੇ ਆਪ ਵੱਲੋਂ ਕਾਊਂਟਰ ਸਾਈਨ ਨਹੀਂ ਕੀਤੇ ਗਏ ਹਨ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਤਜਵੀਜ ਹਰ ਪੱਖੋਂ ਮੁਕੰਮਲ ਕਰਨ ਉਪਰੰਤ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ।

ਨੱਥੀ/ਉਪਰਕੋਤ ਵਾਂਗ।

ਮੁੱਖ ਵਣ ਪਾਲ (FC) ਅਤੇ
ਨੋਡਲ ਅਫਸਰ (FCA), ਪੰਜਾਬ,
ਐਸ.ਏ.ਐਸ. ਨਗਰ।

ਪਿੱਠ ਅੰਕਣ ਨੰ: FCA/1980/176/2015/ 3416 ਮਿਤੀ: 10-7-15

ਇਸ ਦੀ ਨਕਲ ਵਣ ਪਾਲ, ਸਾਊਥ ਸਰਕਲ, ਪਟਿਆਲਾ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਮੁੱਖ ਵਣ ਪਾਲ (FC) ਅਤੇ
ਨੋਡਲ ਅਫਸਰ (FCA), ਪੰਜਾਬ,
ਐਸ.ਏ.ਐਸ. ਨਗਰ।